ਪ੍ਰਵ੍ਰਿਤੀ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਆਚਾਰੀਆ ਗੋਤਮ ਨੇ ਨਿਆਏ ਦਰਸ਼ਨ ਵਿੱਚ ਪ੍ਰਵ੍ਰਿਤੀ (ਪ੍ਰਵਿਰਤੀ ਜਾਂ ਪਰਵਿਰਤੀ) ਦੀ ਪਰਿਭਾਸ਼ਾ ਦਿੰਦਿਆਂ ਲਿੱਖਿਆ ਹੈ ਕਿ ਵਾਕ (ਵਾਣੀ), ਬੁੱਧੀ (ਮਨ) ਤੇ ਸ਼ਰੀਰ ਨਾਲ (ਕੋਈ ਕੰਮ) ਆਰੰਭ ਕਰਨਾ ਪ੍ਰਵ੍ਰਿਤੀ ਹੈ: -

> प्रवृत्तिर्वाग्बुद्धिशरीरारम्भ:॥ (१७, प्रथम आन्हिक, प्रथम अध्याय, न्याय दर्शन)।

ਪ੍ਰਵ੍ਰਿਤੀ ਦਾ ਅਰਥ ਹੈ, ਮਨ, ਵਾਣੀ ਤੇ ਸ਼ਰੀਰ ਰਾਹੀਂ ਕੋਈ ਕਿਰਿਆ ਕਰਨਾ। ਕਿਸੇ ਵੀ ਕਰਮ ਵਿੱਚ ਲੱਗਣਾ ਪ੍ਰਵ੍ਰਿਤੀ ਹੈ ।

ਜ਼ਰੂਰੀ ਨਹੀਂ ਕਿ ਇਹ ਕਰਮ ਸ਼ਰੀਰ ਰਾਹੀਂ ਵੀ ਕੀਤਾ ਹੀ ਜਾਏ । ਸਿਰਫ਼ ਮਨ ਰਾਹੀਂ ਕੀਤਾ ਗਿਆ ਕੋਈ ਕਰਮ ਜਾਂ ਚਿੰਤਨ ਵੀ ਪ੍ਰਵ੍ਰਿਤੀ ਹੀ ਹੈ । ਜੇ ਕੋਈ ਸਾਧਕ ਮੌਨ ਰਹਿਣ ਲਈ ਯਤਨ ਮਾਤਰ ਵੀ ਕਰ ਰਿਹਾ ਹੈ, ਤਾਂ ਇਹ ਪ੍ਰਵ੍ਰਿਤੀ ਹੈ । ਅਗਰ ਕੁੱਝ ਆਖਿਆ ਗਿਆ ਹੈ, ਪਰ ਸ਼ਰੀਰ ਨੇ ਬੋਲਣ ਤੋਂ ਇਲਾਵਾ ਕੋਈ ਹੋਰ ਕਿਰਿਆ ਨਹੀਂ ਵੀ ਕੀਤੀ, ਤਾਂ ਵੀ ਇਹ ਪ੍ਰਵ੍ਰਿਤੀ ਹੈ ।

ਕੋਈ ਜੀਵ ਕਦੇ ਵੀ ਪ੍ਰਵ੍ਰਿਤੀ ਤੋਂ ਰਹਿਤ ਨਹੀਂ ਹੁੰਦਾ । ਕਿਸੇ ਨਾ ਕਿਸੇ ਰੂਪ ਵਿੱਚ ਕਿਸੇ ਨਾ ਕਿਸੇ ਕਰਮ ਵਿੱਚ ਉਹ ਪ੍ਰਵ੍ਰਿਤ ਹੁੰਦਾ ਹੀ ਰਹਿੰਦਾ ਹੈ ।

ਤ੍ਰਿਗੁਣ (ਸਤੋ, ਰਜੋ ਤੇ ਤਮੋ) ਵਿੱਚ ਰਜੋਗੁਣ ਕਿਰਿਆਸ਼ੀਲ ਹੁੰਦਾ ਹੈ, ਉਦੋਂ ਹੀ ਪ੍ਰਵ੍ਰਿਤੀ ਹੁੰਦੀ ਹੈ । ਰਜੋਗੁਣ ਦੀ ਕਿਰਿਆਸ਼ੀਲਤਾ ਤੋਂ ਬਿਨ੍ਹਾਂ ਕੋਈ ਪ੍ਰਵ੍ਰਿਤੀ ਨਹੀਂ ਹੋ ਸਕਦੀ । ਇਹ ਕਿਰਿਆਸ਼ੀਲਤਾ ਚਾਹੇ ਮਨ ਵਿੱਚ ਹੀ ਹੋਵੇ, ਚਾਹੇ ਵਾਣੀ (ਬੋਲਾਂ) ਵਿੱਚ ਹੋਵੇ ਜਾਂ ਚਾਹੇ ਸ਼ਰੀਰ ਵਿੱਚ ।

ਪ੍ਰਵ੍ਰਿਤੀ ਪਾਪ ਕਰਮ ਵਿੱਚ ਵੀ ਹੋ ਸਕਦੀ ਹੈ ਤੇ ਪੁੰਨ ਕਰਮ ਵਿੱਚ ਵੀ । ਕਿਸੇ ਦੀ ਹਿੰਸਾ ਕਰਨੀ, ਝੂਠ ਬੋਲਣਾ, ਚੋਰੀ ਕਰਨਾ, ਧੋਖਾ ਕਰਨਾ, ਕਠੋਰ ਵਚਨ ਬੋਲਣਾ, ਨਿੰਦਾ ਕਰਨਾ ਆਦਿ ਸਭ ਪ੍ਰਵ੍ਰਿਤੀ ਹੈ, ਪਰ ਇਹ ਪ੍ਰਵ੍ਰਿਤੀ ਪਾਪ ਕਰਮਾਂ ਵਿੱਚ ਹੈ । ਅਹਿੰਸਾ, ਸੱਚ ਬੋਲਣਾ, ਮਿੱਠੇ ਬੋਲ ਬੋਲਣਾ, ਦਾਨ ਕਰਨਾ, ਅਨਾਥ ਦੀ ਰੱਖਿਆ ਕਰਨਾ ਆਦਿ ਵੀ ਪ੍ਰਵ੍ਰਿਤੀ ਹੈ, ਪਰ ਇਹ ਪ੍ਰਵ੍ਰਿਤੀ ਪੁੰਨ ਕਰਮਾਂ ਵਿੱਚ ਹੈ । ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਿੱਚ ਲੱਗਣਾ ਵੀ ਪ੍ਰਵ੍ਰਿਤੀ ਹੈ, ਅਤੇ ਸੱਤ, ਸੰਤੋਖ, ਧੀਰਜ, ਧਰਮ ਤੇ ਵੀਚਾਰ ਵਿੱਚ ਲੱਗਣਾ ਵੀ ਪ੍ਰਵ੍ਰਿਤੀ ਹੈ । ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਪਾਪ ਕਰਮ ਵਿੱਚ ਪ੍ਰਵ੍ਰਿਤੀ ਹੈ, ਅਤੇ ਸੱਤ, ਸੰਤੋਖ, ਧੀਰਜ, ਧਰਮ ਤੇ ਵੀਚਾਰ ਪੁੰਨ ਕਰਮ ਵਿੱਚ ਪ੍ਰਵ੍ਰਿਤੀ ਹੈ ।

ਜੀਵ ਕਿਸੇ ਨਾ ਕਿਸੇ ਕਰਮ ਵਿੱਚ ਪ੍ਰਵ੍ਰਿਤ ਹੋਇਆ ਹੀ ਰਹਿੰਦਾ ਹੈ । ਹਰ ਕਰਮ ਵਿੱਚ ਸਤੋ, ਰਜੋ ਜਾਂ ਤਮੋ ਵਿੱਚੋਂ ਕੋਈ ਇੱਕ ਗੁਣ ਪ੍ਰਧਾਨ ਹੁੰਦਾ ਹੈ ਤੇ ਬਾਕੀ ਦੋ ਗੁਣ ਗੌਣ ਹੁੰਦੇ ਹਨ । ਇਹ ਕਰਮ ਸਤੋਗੁਣ ਪ੍ਰਧਾਨ ਵੀ ਹੋ ਸਕਦਾ ਹੈ, ਰਜੋਗੁਣ ਪ੍ਰਧਾਨ ਵੀ ਹੋ ਸਕਦਾ ਹੈ ਤੇ ਤਮੋਗੁਣ ਪ੍ਰਧਾਨ ਵੀ ਹੋ ਸਕਦਾ ਹੈ । ਜੀਵ ਜਿਸ ਤਰ੍ਹਾਂ ਦਾ ਕਰਮ ਵਾਰ-ਵਾਰ ਕਰਦਾ ਰਹੇਗਾ, ਉਸ ਦਾ ਸੁਭਾਅ ਉਸ ਅਨੁਸਾਰ ਹੀ ਘੜਿਆ ਜਾਂਦਾ ਰਹੇਗਾ । ਸਤੋਗੁਣ ਪ੍ਰਧਾਨ ਕਰਮ ਕਰਦੇ-ਕਰਦੇ ਜੀਵ ਦਾ ਸੁਭਾਅ ਵੀ ਸਤੋ ਗੁਣ ਦੀ ਬਹੁਲਤਾ ਵਾਲਾ ਹੋ ਜਾਂਦਾ ਹੈ । ਰਜੋਗੁਣ ਦੀ ਪ੍ਰਧਾਨਤਾ ਵਾਲਾ ਕਰਮ ਕਰਦੇ-ਕਰਦੇ ਉਸ ਦਾ ਆਪਣਾ ਸੁਭਾਅ ਉਸ ਅਨੁਸਾਰ ਹੀ ਰਜੋਗੁਣ ਦੀ ਬਹੁਲਤਾ ਵਾਲਾ ਹੋ ਜਾਂਦਾ ਹੈ । ਤਮੋਗੁਣੀ ਕਰਮਾਂ ਵਿੱਚ ਲਿਪਤ ਰਹਿਣ ਵਾਲੇ ਜੀਵ ਦਾ ਸੁਭਾਅ ਵੀ ਤਾਮਸਿਕ ਹੀ ਹੋ ਜਾਂਦਾ ਹੈ । ਕੀਤੇ ਜਾ ਰਹੇ ਕਰਮਾਂ ਦੇ ਸੰਸਕਾਰ ਜੀਵ ਦੇ ਅੰਤਹਕਰਣ 'ਤੇ ਪੈਂਦੇ ਰਹਿੰਦੇ ਹਨ, ਜੋ ਆਹਿਸਤਾ-ਆਹਿਸਤਾ ਉਸ ਦਾ ਸੁਭਾਅ ਹੀ ਬਣ ਜਾਂਦੇ ਹਨ ।

ਪ੍ਰਵ੍ਰਿਤੀ ਹਜ਼ਾਰਾਂ ਕਰਮਾਂ ਵਿੱਚ ਹੋ ਸਕਦੀ ਹੈ । ਇੱਕ ਧਰਮੀ ਗ੍ਰਹਿਸਥ ਵਿਅਕਤੀ ਲਈ ਇਨ੍ਹਾਂ ਹਜ਼ਾਰਾਂ ਕਰਮਾਂ ਦਾ ਉਦੇਸ਼ ਚਾਰ ਵਸਤੂਆਂ ਜਾਂ ਚਾਰ ਪਦਾਰਥਾਂ ਦੀ ਪ੍ਰਾਪਤੀ ਕਰਨਾ ਹੋਣਾ ਚਾਹੀਦਾ ਹੈ । ਇਹ ਚਾਰ ਪਦਾਰਥ ਹਨ: ਧਰਮ, ਅਰਥ, ਕਾਮ, ਤੇ ਮੋਕਸ਼ (ਮੁਕਤੀ) । ਇਨ੍ਹਾਂ ਨੂੰ ਚਾਰ ਪੁਰਸ਼ਾਰਥ ਵੀ ਆਖਿਆ ਜਾਂਦਾ ਹੈ ।

ਇਨ੍ਹਾਂ ਚਾਰਾਂ ਪਦਾਰਥਾਂ ਵਿੱਚੋਂ ਪਹਿਲੇ ਤਿੰਨ ਸਾਧਾਰਣ ਪਦਾਰਥ ਹਨ, ਜਿਨ੍ਹਾਂ ਦੀ ਪ੍ਰਾਪਤੀ ਲਈ ਸਾਧਾਰਣ ਸੰਸਾਰੀ ਜੀਵ ਪ੍ਰਵ੍ਰਿਤੀ ਵਿੱਚ ਲੱਗਦੇ ਹਨ । ਚੌਥਾ ਪਦਾਰਥ, ਜੋ ਕਿ ਮੁਕਤੀ ਹੈ, ਸਰਵੋੱਤਮ ਪਦਾਰਥ ਹੈ ।

ਧਰਮ: - ਧਰਮ ਤੋਂ ਇੱਥੇ ਭਾਵ ਉਹ ਕਰਮ ਹਨ, ਜਿਨ੍ਹਾਂ ਨੂੰ ਧਰਮ-ਗ੍ਰੰਥਾਂ ਨੇ ਸ਼ੁਭ ਮੰਨਿਆ ਹੈ । ਆਮ ਬੋਲਚਾਲ ਵਿੱਚ ਇਨ੍ਹਾਂ ਨੂੰ ਪੁੰਨ ਕਰਮ ਆਖ ਸਕਦੇ ਹਾਂ । ਇਹ ਉਹ ਕਰਮ ਹਨ, ਜੋ ਨੈਤਿਕ ਤੌਰ 'ਤੇ ਠੀਕ ਹਨ । ਇਹ ਕਰਮ ਅਜਿਹੇ ਹਨ, ਜਿਨ੍ਹਾਂ ਨੂੰ ਸਭ ਸੰਪਰਦਾਇ ਹੀ ਪੁੰਨ ਕਰਮ ਵਜੋਂ ਜਾਣਦੇ ਹਨ । ਕਈ ਲੋਕ ਅਜਿਹੇ ਹਨ, ਜੋ ਰੱਬ ਦੀ ਹੋਂਦ ਨੂੰ ਤਾਂ ਨਹੀਂ ਮੰਨਦੇ, ਪਰ ਨੈਤਿਕ ਕਦਰਾਂ-ਕੀਮਤਾਂ ਦੀ ਵਕਾਲਤ ਕਰਦੇ ਹਨ । ਇਹ ਨੈਤਿਕ ਕਦਰਾਂ-ਕੀਮਤਾਂ ਵੀ ਧਰਮ ਦਾ ਹੀ ਹਿੱਸਾ ਹਨ । ਇੱਥੇ ਧਰਮ ਤੋਂ ਭਾਵ ਕਿਸੇ ਵਿਸ਼ੇਸ਼ ਪੰਥ, ਫ਼ਿਰਕੇ, ਸੰਪਰਦਾਇ ਜਾਂ ਮਜ਼ਹਬ ਆਦਿ ਤੋਂ ਨਹੀਂ ਹੈ । ਕਿਸੇ ਵਿਅਕਤੀ ਦਾ ਨੈਤਿਕ, ਪਾਰਿਵਾਰਿਕ, ਸਾਮਾਜਿਕ ਜਾਂ ਹੋਰ ਕਿਸੇ ਪ੍ਰਕਾਰ ਦਾ ਫ਼ਰਜ਼ ਵੀ ਉਸ ਦਾ ਨਿਜੀ 'ਧਰਮ' ਹੈ ।

ਧਰਮ ਦੇ ਕਰਮਾਂ ਵਿੱਚ ਦਾਨ, ਅਹਿੰਸਾ, ਮਨੁੱਖੀ ਬਰਾਬਰੀ, ਪ੍ਰਾਣੀਆਂ ਉੱਤੇ ਦਇਆ ਕਰਨੀ, ਧਰਮ-ਪੁਸਤਕਾਂ ਦਾ ਅਧਿਐਨ, ਬਜ਼ੁਰਗਾਂ/ਬੀਮਾਰਾਂ/ਅਪਾਹਜਾਂ ਦੀ ਸੇਵਾ, ਸਾਧੂਆਂ ਦੀ ਸੇਵਾ, ਸੱਚ ਬੋਲਣਾ, ਗ਼ਰੀਬ ਦੀ ਮਦਦ ਕਰਨੀ, ਦੁਸ਼ਟਤਾਈ ਦਾ ਨਾਸ ਕਰਨਾ ਆਦਿ ਸ਼ਾਮਿਲ ਹਨ। ਅਜਿਹੇ ਕਿਸੇ ਵੀ ਕਰਮ ਵਿੱਚ ਪ੍ਰਵ੍ਰਿਤੀ ਧਰਮ ਵਿੱਚ ਪ੍ਰਵ੍ਰਿਤੀ ਹੈ।

ਅਰਥ: - ਇੱਥੇ ਅਰਥ ਤੋਂ ਭਾਵ ਹੈ, ਧਨ-ਦੌਲਤ ਤੇ ਦੁਨੀਆਵੀ ਵਸਤੂਆਂ ਆਦਿ। ਰਾਜ ਸੱਤਾ ਵੀ ਅਰਥ ਦਾ ਹੀ ਹਿੱਸਾ ਹੈ। ਕੋਈ ਵੀ ਕਾਰੋਬਾਰ, ਨੌਕਰੀ, ਖੇਤੀਬਾੜੀ ਆਦਿ ਅਰਥ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਸੈਨਾ ਵੀ ਰਾਜ ਸੱਤਾ ਦੀ ਰਾਖੀ ਲਈ ਹੁੰਦੀ ਹੈ, ਤੇ ਰਾਜ ਸੱਤਾ ਅਰਥ ਦਾ ਹੀ ਹਿੱਸਾ ਹੁੰਦੀ ਹੈ। ਜੇ ਕੋਈ ਰਾਜ ਪ੍ਰਾਪਤੀ ਲਈ ਯਤਨ ਕਰਦਾ ਹੈ, ਤਾਂ ਉਸ ਦੀ ਉਹ ਪ੍ਰਵ੍ਰਿਤੀ ਅਰਥ ਦੀ ਪ੍ਰਾਪਤੀ ਲਈ ਹੀ ਹੈ।

ਇੱਥੇ ਇਹ ਖ਼ਿਆਲ ਰਹੇ ਕਿ 'ਅਰਥ' ਦੀ ਪ੍ਰਾਪਤੀ ਲਈ ਕੀਤੀ ਗਈ ਪ੍ਰਵ੍ਰਿਤੀ ਧਰਮ ਦੇ ਕਿਸੇ ਨਿਯਮ ਦੇ ਵਿਰੁੱਧ ਨਾ ਹੋਵੇ। ਨਹੀਂ ਤਾਂ, ਇਹ ਅਧਰਮ ਹੋ ਜਾਏਗਾ।

ਅਰਥ ਦੀ ਪ੍ਰਾਪਤੀ ਲਈ ਯਤਨ ਗ੍ਰਹਿਸਥ ਇਨਸਾਨ ਕਰਦਾ ਹੈ। 'ਅਰਥ' ਦੀ ਪ੍ਰਾਪਤੀ ਲਈ ਕੀਤੀ ਗਈ ਪ੍ਰਵ੍ਰਿਤੀ ਦਾ ਵੀ ਮੁੱਖ ਉਦੇਸ਼ ਧਰਮ ਦੀ ਪੂਰਤੀ ਹੀ ਹੋਣਾ ਚਾਹੀਦਾ ਹੈ। ਦਾਨ ਕਰਨਾ ਧਰਮ ਹੈ, ਪਰ ਦਾਨ ਦਾ ਇਹ ਧਰਮ ਕਰਨ ਲਈ 'ਅਰਥ' (ਧਨ-ਦੌਲਤ ਜਾਂ ਹੋਰ ਵਸਤੂਆਂ ਆਦਿ) ਦੀ ਜ਼ਰੂਰਤ ਹੈ। ਇਹ 'ਅਰਥ' ਦੀ ਪ੍ਰਾਪਤੀ ਲਈ ਕੀਤੀ ਗਈ ਪ੍ਰਵ੍ਰਿਤੀ ਇਸ ਲਈ ਹੀ ਹੋਈ ਚਾਹੀਦੀ ਹੈ ਕਿ 'ਧਰਮ' ਕੀਤਾ ਜਾ ਸਕੇ।

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥
(੧੩੭੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇੱਕ ਗ੍ਰਹਿਸਥ ਲਈ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤਾਂ ਅਰਥ ਦੀ ਲੋੜ ਹੈ ਹੀ, ਬਲਕਿ ਧਰਮ ਦੇ ਕਰਮ ਕਰਨ ਲਈ ਵੀ ਅਰਥ ਦੀ ਜ਼ਰੂਰਤ ਹੈ। ਦਾਨ ਤਾਂ ਹੀ ਹੋ ਸਕਦਾ ਹੈ, ਜੇ ਵਿਅਕਤੀ ਕੋਲ 'ਅਰਥ' ਹੋਏਗਾ। ਕੋਈ ਕਿਸੇ ਨੂੰ ਰੋਟੀ ਤਾਂ ਹੀ ਦੇ ਸਕਦਾ ਹੈ, ਜੇ ਖ਼ੁਦ ਉਸ ਕੋਲ ਰੋਟੀ ਮੌਜੂਦ ਹੋਏਗੀ। ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਬੱਚਿਆ ਹੋਇਆ 'ਅਰਥ' (ਦੌਲਤ) ਧਰਮ ਲਈ ਲਗਾ ਦਿੱਤਾ ਜਾਣਾ ਚਾਹੀਦਾ ਹੈ। ਗ੍ਰਹਿਸਥ ਜੀਵ ਦੇ ਪੁੰਨ-ਦਾਨ ਦੇ ਸੰਸਕਾਰ ਇੰਨੇ ਜ਼ਿਆਦਾ ਹੋ ਜਾਣ ਕਿ ਪੁੰਨ-ਦਾਨ ਕਰਨਾ ਉਸ ਦਾ ਸਹਜ ਸੁਭਾਅ ਹੀ ਬਣ ਜਾਏ।

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥
(੯੫੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਹੁਤ ਲੋਕ ਕਰਮ ਵਿੱਚ ਇਸ ਲਈ ਪ੍ਰਵਿਰਤ ਹੁੰਦੇ ਹਨ ਕਿ ਖ਼ੂਬ ਧਨ-ਦੌਲਤ ਇਕੱਠੀ ਕਰ ਸਕਣ। ਧਨ-ਦੌਲਤ ਇਕੱਠੀ ਕਰਨ ਲਈ ਉਹ ਵਾਰ-ਵਾਰ ਉਸ ਲਈ ਲੋੜੀਂਦੇ ਕਰਮ ਕਰਦੇ ਹਨ। ਵਾਰ-ਵਾਰ ਧਨ-ਦੌਲਤ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਕਰਮ ਉਨ੍ਹਾਂ ਜੀਵਾਂ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਬਣਾ ਦਿੰਦੇ ਹਨ ਕਿ ਉਨ੍ਹਾਂ ਦਾ ਹਰ ਸੁਭਾਵਿਕ ਕਰਮ ਹੀ ਧਨ-ਦੌਲਤ ਨੂੰ ਕੇਂਦਰ ਵਿੱਚ ਰੱਖ ਕੇ ਹੋਣ ਲੱਗਦਾ ਹੈ। ਉਹ ਧਨ-ਦੌਲਤ ਨੂੰ ਪ੍ਰਮੁੱਖਤਾ ਦੇਣ ਲੱਗਦੇ ਹਨ ਤੇ ਹੋਰ ਵਿਸ਼ੇ ਉਨ੍ਹਾਂ ਲਈ ਗੌਣ ਹੋ ਜਾਂਦੇ ਹਨ। ਦੁਨੀਆਵੀ ਰਾਜ ਵੀ ਇਸੇ ਅਰਥ ਦਾ ਹਿੱਸਾ ਹੈ। ਰਾਜ ਲਈ ਯਤਨ ਕਰਦਾ ਹੋਇਆ ਮਨੁੱਖ ਇੰਨਾ ਜ਼ਿਆਦਾ ਆਰਥਿਕ ਸੁਭਾਅ ਵਾਲਾ ਹੋ ਜਾਂਦਾ ਹੈ ਕਿ ਉਹ ਧਰਮ ਨੂੰ ਵੀ ਅਰਥ ਜਾਂ ਰਾਜ ਪ੍ਰਾਪਤੀ ਲਈ ਇੱਕ ਸਾਧਨ ਮਾਤਰ ਹੀ ਬਣਾ ਲੈਂਦਾ ਹੈ। ਧਰਮ ਦੀ ਆੜ ਵਿੱਚ ਉਹ ਰਾਜ ਪ੍ਰਾਪਤੀ ਲਈ ਯਤਨ ਕਰਦਾ ਆਪਣੇ ਪਿੱਛ-ਲੱਗੂਆਂ ਨੂੰ ਗੁੰਮਰਾਹ ਕਰਦਾ ਖ਼ੁਦ ਵੀ ਧਰਮ ਤੋਂ ਡਿੱਗਦਾ ਹੈ ਤੇ ਆਪਣੇ ਪਿੱਛ-ਲੱਗੂਆਂ ਨੂੰ ਵੀ ਧਰਮ ਤੋਂ ਬੇਮੁੱਖ ਕਰ ਦਿੰਦਾ ਹੈ। ਅਰਥ ਦੀ ਪ੍ਰਾਪਤੀ ਧਰਮ ਲਈ ਹੋਣੀ ਚਾਹੀਦੀ ਹੈ, ਪਰ ਰਾਜ ਜਾਂ ਅਰਥ ਦਾ ਲਾਲਚੀ ਵਿਅਕਤੀ ਧਰਮ ਨੂੰ ਹੀ ਅਰਥ (ਜਾਂ ਰਾਜ ਸੱਤਾ) ਹਾਸਿਲ ਕਰਨ ਲਈ ਵਰਤ ਜਾਂਦਾ ਹੈ। ਇਤਿਹਾਸ ਵਿੱਚ ਅਜਿਹੀਆਂ ਅਨੇਕ ਉਦਾਹਰਣਾਂ ਹਨ, ਜਿੱਥੇ ਧਰਮ ਦੀ ਆੜ ਲੈ ਕੇ ਰਾਜ-ਸੱਤਾ ਜਾਂ ਅਰਥ ਦੇ ਲੋਭੀਆਂ ਨੇ ਆਪਣੀਆਂ ਮੰਦ-ਇੱਛਾਵਾਂ ਦੀ ਪੂਰਤੀ ਕੀਤੀ।

ਰਾਜ 'ਅਰਥ' ਹੈ, ਪਰ ਰਾਜ ਪ੍ਰਾਪਤ ਕਰ ਕੇ ਇਸ ਦੀ ਵਰਤੋਂ ਸਮਾਜ ਦੀ ਭਲਾਈ ਲਈ ਕਰਨੀ 'ਧਰਮ' ਹੈ।

ਕਾਮ: - 'ਕਾਮ' ਦਾ ਮੂਲ ਭਾਵ ਹੈ, 'ਇੱਛਾ' ਜਾਂ 'ਮਨ ਦਾ ਸੰਕਲਪ'। ਇੱਥੇ ਕਾਮ ਤੋਂ ਭਾਵ ਹੈ, ਇੱਛਾ ਦੀ ਪੂਰਤੀ ਕਰਨੀ। ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰ ਲੈਣੀਆਂ ਵੀ ਇੱਛਾ ਪੂਰਤੀ ਵਿੱਚ ਸ਼ਾਮਿਲ ਹੈ। 'ਅਰਥ' ਜਾਂ ਧਨ-ਦੌਲਤ ਆਦਿ ਇਕੱਠੀ ਕਰ ਲੈਣਾ ਹੋਰ ਗੱਲ ਹੈ ਤੇ ਉਸ ਅਰਥ ਜਾਂ ਧਨ-ਦੌਲਤ ਆਦਿ ਨੂੰ ਵਰਤ ਕੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰ ਲੈਣਾ ਹੋਰ ਗੱਲ ਹੈ। ਹੋ ਸਕਦਾ ਹੈ ਕਿ ਕੋਈ ਵਿਅਕਤੀ ਖ਼ੂਬ ਧਨ-ਦੌਲਤ ਇਕੱਠੀ ਕਰ ਲਏ, ਸੋਨਾ, ਹੀਰੇ, ਮੋਤੀ ਆਦਿ ਇਕੱਠੇ ਕਰ ਲਏ, ਹੋਰ ਵੀ

ਜਾਇਦਾਦ ਬਣਾ ਲਏ, ਪਰ ਇਨ੍ਹਾਂ ਦਾ ਪ੍ਰਯੋਗ ਆਪਣੀ ਕੋਈ ਇੱਛਾ ਪੂਰੀ ਕਰਨ ਲਈ ਨਾ ਕਰ ਸਕੇ । ਹੋ ਸਕਦਾ ਹੈ ਕਿ ਇੰਨੀ ਧਨ-ਦੌਲਤ ਇਕੱਠੀ ਕਰ ਕੇ ਵੀ ਉਹ ਇਸ ਦਾ ਪ੍ਰਯੋਗ ਆਪਣੀ ਖ਼ੁਸ਼ੀ ਲਈ ਨਾ ਕਰ ਸਕੇ । ਇੰਨੀ ਧਨ-ਦੌਲਤ ਇਕੱਠੀ ਕਰਨ ਦਾ ਉਦੇਸ਼ ਤਾਂ ਇਸ ਨੂੰ ਭੋਗਣਾ ਹੀ ਸੀ । ਜੇ ਉਹ ਇੰਨੀ ਦੌਲਤ ਇਕੱਠੀ ਕਰ ਕੇ ਉਸ ਨੂੰ ਵਰਤ ਨਹੀਂ ਸਕਿਆ, ਤਾਂ ਦੌਲਤ ਇਕੱਠੀ ਕਰਨੀ ਫ਼ਜ਼ੂਲ ਹੀ ਰਹੀ । ਜੇ ਕਮਾਈ ਗਈ ਦੌਲਤ ਵਰਤੀ ਨਹੀਂ ਗਈ, ਤਾਂ ਇਹ ਕਮਾਈ ਅਸਫਲ ਹੀ ਹੈ । 'ਅਰਥ' ਨੂੰ ਕਮਾ ਕੇ ਵਰਤ ਲੈਣਾ ਹੀ 'ਕਾਮ' ਪਦਾਰਥ ਹੈ, ਇੱਛਾ ਦੀ ਪੂਰਤੀ ਹੈ । ਇਹ ਇੱਛਾ ਪੂਰਤੀ ਅਜਿਹੀ ਨਹੀਂ ਹੋਣੀ ਚਾਹੀਦੀ, ਜੋ ਧਰਮ ਤੋਂ ਵਿਰੁੱਧ ਹੋਵੇ । ਧਰਮ ਤੋਂ ਵਿਰੁੱਧ ਕੀਤੀ ਗਈ ਇੱਛਾ ਪੂਰਤੀ ਅਧਰਮ ਹੈ ।

ਇੱਕ ਧਰਮੀ ਗ੍ਰਹਿਸਥ ਜੀਵ ਪਹਿਲੇ ਤਿੰਨ ਪਦਾਰਥ (ਧਰਮ, ਅਰਥ, ਤੇ ਕਾਮ) ਪ੍ਰਾਪਤ ਕਰਨ ਦੇ ਕਰਮ ਤੋਂ ਨਿਵ੍ਰਿਤ ਨਹੀਂ ਹੁੰਦਾ । ਧਰਮ ਵਿੱਚ ਪ੍ਰਵ੍ਰਿਤ ਗ੍ਰਹਿਸਥ ਜੀਵ ਧਰਮ ਦੇ ਕਰਮ ਕਰਨਾ ਕਦੇ ਬੰਦ ਨਹੀਂ ਕਰਦਾ । ਜਦ ਤਕ ਸਰੀਰ ਚੱਲਦਾ ਹੈ, ਉਹ ਧਰਮ ਦੇ ਕਰਮ ਵਿੱਚ ਪ੍ਰਵ੍ਰਿਤ ਹੋਇਆ ਹੀ ਰਹਿੰਦਾ ਹੈ । ਅਰਥ ਦੀ ਪ੍ਰਾਪਤੀ ਦੇ ਕਰਮ ਤੋਂ ਵੀ ਸੰਸਾਰੀ ਜੀਵ ਨਿਵ੍ਰਿਤ ਨਹੀਂ ਹੁੰਦਾ । ਕਿਸੇ ਨਾ ਕਿਸੇ ਰੂਪ ਵਿੱਚ ਉਹ ਅਰਥ ਲਈ ਪ੍ਰਵ੍ਰਿਤ ਹੋਇਆ ਹੀ ਰਹਿੰਦਾ ਹੈ । ਜੇ ਉਹ ਅਰਥ ਪ੍ਰਾਪਤੀ ਲਈ ਪ੍ਰਵ੍ਰਿਤ ਨਾ ਰਹੇ, ਤਾਂ ਉਸ ਦੇ ਇਕੱਠੇ ਕੀਤੇ ਅਰਥ (ਧਨ ਆਦਿ) ਖ਼ਤਮ ਹੋਣੇ ਸ਼ੁਰੂ ਹੋ ਜਾਂਦੇ ਹਨ । ਸੰਸਾਰੀ ਜੀਵ ਦੇ ਮਨ ਦੀਆਂ ਇੱਛਾਵਾਂ ਕਦੇ ਖ਼ਤਮ ਨਹੀਂ ਹੁੰਦੀਆਂ । ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਵੀ ਸੰਸਾਰੀ ਜੀਵ ਪ੍ਰਵ੍ਰਿਤੀ ਵਿੱਚ ਲੱਗਾ ਹੀ ਰਹਿੰਦਾ ਹੈ ।

ਮੋਕਸ਼: - ਮੋਕਸ਼ (ਮੁਕਤੀ) ਸਭ ਪਦਾਰਥਾਂ ਤੋਂ ਉੱਤਮ ਹੈ । ਮੁਕਤੀ ਲਈ ਕੀਤੀ ਗਈ ਪ੍ਰਵ੍ਰਿਤੀ ਸਭ ਪ੍ਰਵ੍ਰਿਤੀਆਂ ਤੋਂ ਉੱਤਮ ਹੈ । ਅਰਥ ਪ੍ਰਾਪਤੀ ਵਿੱਚ ਪ੍ਰਵ੍ਰਿਤੀ ਮੁਕਤੀ ਵਿੱਚ ਸਹਾਇਕ ਨਹੀਂ ਹੋ ਸਕਦੀ । ਕਾਮ ਪੂਰਤੀ ਲਈ ਕੀਤੀ ਗਈ ਪ੍ਰਵ੍ਰਿਤੀ ਮੁਕਤੀ ਵਿੱਚ ਸਹਾਇਕ ਨਹੀਂ ਹੋ ਸਕਦੀ । ਜੇ ਧਰਮ ਲਈ ਕੀਤੀ ਗਈ ਪ੍ਰਵ੍ਰਿਤੀ ਵੀ ਮੁਕਤੀ ਦੇ ਰਾਸਤੇ ਵੱਲ ਨਹੀਂ ਲੈ ਕੇ ਗਈ, ਤਾਂ ਧਰਮ ਵਿੱਚ ਕੀਤੀ ਉਹ ਪ੍ਰਵ੍ਰਿਤੀ ਵੀ ਅਸਫਲ ਹੈ । ਅਜਿਹਾ ਧਰਮ, ਜੋ ਮੁਕਤੀ ਨਹੀਂ ਪ੍ਰਾਪਤ ਕਰਾ ਸਕਿਆ, ਅਸਫਲ ਹੈ, ਪਾਖੰਡ ਹੈ ।

> ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
> (੭੪੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮੁਕਤੀ ਤੋਂ ਉਲਟ ਹੈ 'ਬੰਧਨ' । ਮੁਕਤੀ ਪਦਾਰਥ ਦੀ ਪ੍ਰਾਪਤੀ ਨਾ ਹੋਵੇ, ਤਾਂ ਧਰਮ ਦੇ ਕਰਮ ਵੀ ਬੰਧਨ ਹੀ ਹੋ ਜਾਂਦੇ ਹਨ ।

> ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
> ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
> ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥
> (੬੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਜਿਹੀ ਸਥਿੱਤੀ ਵਿੱਚ ਗ੍ਰਹਿਸਥ ਦੇ ਰਿਸ਼ਤੇ (ਮਾਤਾ, ਪਿਤਾ, ਪੁੱਤਰ, ਧੀ, ਪਤੀ, ਪਤਨੀ ਆਦਿ) ਬੰਧਨ ਹੀ ਬਣ ਜਾਂਦੇ ਹਨ । ਧਰਮ ਦੇ ਕਰਮ ਵੀ ਬੰਧਨ ਹੀ ਬਣ ਜਾਂਦੇ ਹਨ (ਕਿਉਂਕਿ ਜੀਵ ਇਨ੍ਹਾਂ ਧਰਮ-ਕਰਮਾਂ ਦੇ ਫਲ ਪ੍ਰਾਪਤ ਕਰਨ ਲਈ ਵੀ ਤਾਂ ਜਨਮ-ਮਰਨ ਦੇ ਬੰਧਨ ਵਿੱਚ ਹੀ ਪਿਆ ਰਹਿੰਦਾ ਹੈ)। ਵਾਪਾਰ, ਖੇਤੀਬਾੜੀ ਆਦਿ ਅਰਥ ਦੇ ਸਾਧਨ, ਤੇ ਧਨ-ਦੌਲਤ ਸਭ ਕੁੱਝ ਹੀ ਬੰਧਨ ਬਣ ਜਾਂਦੇ ਹਨ ।

> ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥
> ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥੩॥
> ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥
> ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥
> ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥੬॥
> ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥
> ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥
> (੪੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਦਾਨ ਕਰਨਾ ਧਰਮ ਹੈ, ਪਰ ਦਾਨ ਕਰਨ ਲੱਗਿਆਂ ਅਭਿਮਾਨ ਪੈਦਾ ਹੋ ਜਾਣਾ ਅਧਰਮ ਹੈ । ਇਹ ਅਧਰਮ ਹੀ ਦਾਨ ਦੇ ਧਰਮ ਕਰਮ ਨੂੰ ਬਰਬਾਦ ਕਰ ਦਿੰਦਾ ਹੈ ਤੇ ਮੁਕਤੀ ਤੋਂ ਦੂਰ ਲੈ ਜਾਂਦਾ ਹੈ ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥
(੧੪੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਹੁਤ ਲੋਕ ਦਾਨ ਸਿਰਫ਼ ਇਸਲਈ ਦਿੰਦੇ ਹਨ ਕਿ ਉਹ ਰਾਜਨੀਤਿਕ ਤਾਕਤ ਹਾਸਿਲ ਕਰਨਾ ਚਾਹੁੰਦੇ ਹਨ । ਉਨ੍ਹਾਂ ਦੇ ਦਾਨ ਦਾ ਉਦੇਸ਼ ਧਰਮ ਕਮਾਉਣਾ ਨਹੀਂ, ਬਲਕਿ ਅਰਥ (ਜਾਂ ਰਾਜ) ਕਮਾਉਣਾ ਹੀ ਹੁੰਦਾ ਹੈ । ਉਹ ਕਿਸੇ ਜਨਮ ਵਿੱਚ ਬਹੁਤ ਦਾਨ ਕਰ ਕੇ ਕਿਸੇ ਹੋਰ ਜਨਮ ਵਿੱਚ ਰਾਜਾ ਵੀ ਬਣ ਜਾਂਦੇ ਹਨ । ਪ੍ਰੰਤੂ, ਰਾਜ-ਸੱਤਾ ਦਾ ਸੁੱਖ ਭੋਗਦਿਆਂ ਜਿਨ੍ਹਾਂ ਦੀ ਬੁੱਧੀ ਉਲਟੀ ਹੋ ਜਾਂਦੀ ਹੈ, ਉਹ ਆਪਣੇ ਪਾਪਾਂ ਦੇ ਫਲ ਦੁੱਖਾਂ ਦੇ ਰੂਪ ਵਿੱਚ ਪ੍ਰਾਪਤ ਕਰਦੇ ਹਨ ।

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥
ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥
(੧੩੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਰਥ ਵਿੱਚ ਪ੍ਰਵ੍ਰਿਤ ਹੋਈ ਉਨ੍ਹਾਂ ਦੀ ਬੁੱਧੀ ਅੰਤ ਵਿੱਚ ਦੁੱਖ ਦਾ ਹੀ ਕਾਰਣ ਬਣਦੀ ਹੈ ।

ਮੁਕਤੀ ਤੋਂ ਉਲਟ ਹੈ 'ਬੰਧਨ' । ਇਸ ਬੰਧਨ ਦਾ ਕਾਰਣ ਅਗਿਆਨ ਹੈ । ਜਦੋਂ ਗਿਆਨ ਪ੍ਰਗਟ ਹੁੰਦਾ ਹੈ, ਉਦੋਂ ਅਗਿਆਨ ਦਾ ਖ਼ਾਤਮਾ ਹੋ ਜਾਂਦਾ ਹੈ । ਇਹ ਗਿਆਨ ਪ੍ਰਗਟ ਹੋਣਾ ਹੀ ਮੁਕਤੀ ਹੈ । ਹਰ ਪ੍ਰਵ੍ਰਿਤੀ ਜਾਂ ਕਰਮ ਦਾ ਅੰਤਿਮ ਉਦੇਸ਼ ਗਿਆਨ ਹੀ ਹੋਣਾ ਚਾਹੀਦਾ ਹੈ ।

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥
(੧੧੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭੈਅ ਚਾਹੇ ਮੌਤ ਦਾ ਹੋਵੇ, ਜਾਂ ਕਿਸੇ ਵੀ ਹੋਰ ਗੱਲ ਦਾ, ਇਸ ਦਾ ਕਾਰਣ ਮੂਲ ਰੂਪ ਵਿੱਚ ਅਗਿਆਨ ਹੀ ਹੁੰਦਾ ਹੈ। ਜੇ ਭੈਅ ਨੂੰ ਖ਼ਤਮ ਕਰਨਾ ਹੈ, ਤਾਂ ਭੈਅ ਦਾ ਮੂਲ ਕਾਰਣ, ਅਗਿਆਨ ਖ਼ਤਮ ਕਰਨਾ ਪਏਗਾ। ਅਗਿਆਨ ਤਾਂ ਹੀ ਖ਼ਤਮ ਹੋਏਗਾ, ਜੇ ਗਿਆਨ ਪ੍ਰਾਪਤ ਹੋ ਜਾਏ। ਇਸ ਦਾ ਭਾਵ ਇਹ ਹੋਇਆ ਕਿ ਭੈਅ ਨੂੰ ਸਮਾਪਤ ਕਰਨ ਵਾਸਤੇ ਗਿਆਨ ਦੀ ਪ੍ਰਾਪਤੀ ਹੋਣੀ ਜ਼ਰੂਰੀ ਹੈ। ਕਰਮ ਵਿੱਚ ਪ੍ਰਵ੍ਰਿਤ ਹੋਣ ਦਾ ਮੁੱਖ ਉਦੇਸ਼ ਗਿਆਨ ਦੀ ਪ੍ਰਾਪਤੀ ਹੈ। ਵੱਡੇ ਭਾਗਾਂ ਵਾਲੇ ਜੀਵ ਹੀ ਪਾਪ ਕਰਮ ਤੋਂ ਆਪਣੇ ਮਨ ਨੂੰ ਮੋੜ ਕੇ ਪੁੰਨ ਕਰਮਾਂ ਵਿੱਚ ਲਗਾਉਂਦੇ ਹਨ । ਵਿਰਲੇ ਜੀਅ ਹੀ ਭੈਅ ਤੋਂ ਨਿਜਾਤ ਪਾਉਣ ਲਈ ਕਰਮ ਵਿੱਚ ਪ੍ਰਵ੍ਰਿਤ ਹੋਣਾ ਚਾਹੁੰਦੇ ਹਨ ।

ਜਿਵੇਂ ਕਿ ਅਸੀਂ ਆਖ ਚੁੱਕੇ ਹਾਂ, ਪ੍ਰਵ੍ਰਿਤੀ ਦਾ ਅਰਥ ਹੈ, 'ਮਨ, ਵਾਣੀ ਤੇ ਸ਼ਰੀਰ ਰਾਹੀਂ ਕੋਈ ਕਿਰਿਆ ਕਰਨਾ'। ਕਿਸੇ ਵੀ ਕਰਮ ਵਿੱਚ ਲੱਗਣਾ ਪ੍ਰਵ੍ਰਿਤੀ ਹੈ । ਧਰਮ ਦੇ ਖੇਤਰ ਵਿੱਚ ਜਦੋਂ ਕੋਈ ਜਿਗਿਆਸੂ ਗਿਆਨ ਦੀ ਪ੍ਰਾਪਤੀ ਲਈ ਪ੍ਰਵ੍ਰਿਤ ਹੁੰਦਾ ਹੈ, ਤਾਂ ਉਹ ਕਿਸੇ ਨਾ ਕਿਸੇ ਸੰਪਰਦਾਇ ਜਾਂ ਪੰਥ ਆਦਿ ਦਾ ਆਸਰਾ ਲੈਂਦਾ ਹੈ।

ਪਿੱਛੇ ਅਸੀਂ ਕਹਿ ਚੁੱਕੇ ਹਾਂ ਕਿ ਤ੍ਰਿਗੁਣ (ਸਤੋ, ਰਜੋ ਤੇ ਤਮੋ) ਵਿੱਚ ਰਜੋਗੁਣ ਕਿਰਿਆਸ਼ੀਲ ਹੁੰਦਾ ਹੈ, ਉਦੋਂ ਹੀ ਪ੍ਰਵਿਰਤੀ ਹੁੰਦੀ ਹੈ । ਰਜੋਗੁਣ ਦੀ ਕਿਰਿਆਸ਼ੀਲਤਾ ਤੋਂ ਬਿਨ੍ਹਾਂ ਕੋਈ ਪ੍ਰਵਿਰਤੀ ਨਹੀਂ ਹੋ ਸਕਦੀ। ਇਹ ਕਿਰਿਆਸ਼ੀਲਤਾ ਚਾਹੇ ਮਨ ਵਿੱਚ ਹੀ ਹੋਵੇ, ਚਾਹੇ ਵਾਣੀ (ਬੋਲਾਂ) ਵਿੱਚ ਹੋਵੇ ਜਾਂ ਚਾਹੇ ਸ਼ਰੀਰ ਵਿੱਚ। ਤ੍ਰਿਗੁਣ ਹਰ ਵਸਤੂ ਵਿੱਚ ਮੌਜੂਦ ਹੁੰਦੇ ਹਨ। ਪ੍ਰਵ੍ਰਿਤੀ ਉਦੋਂ ਹੀ ਹੁੰਦੀ ਹੈ, ਜਦੋਂ ਰਜੋਗੁਣ ਕਿਰਿਆਸ਼ੀਲ ਹੋਵੇ, ਪਰ ਕਿਸੇ ਵੀ ਕਿਰਿਆ ਜਾਂ ਵਸਤੂ ਆਦਿ ਵਿੱਚ ਇਸ ਤ੍ਰਿਗੁਣ ਦੀ ਮਾਤਰਾ ਦਾ ਫ਼ਰਕ ਹੁੰਦਾ ਹੈ। ਕਿਸੀ ਕਿਰਿਆ ਜਾਂ ਵਸਤੂ ਵਿੱਚ ਸਤੋਗੁਣ ਦੀ ਪ੍ਰਧਾਨਤਾ ਹੁੰਦੀ ਹੈ, ਤੇ ਕਿਸੇ ਵਿੱਚ ਤਮੋਗੁਣ ਜਾਂ ਰਜੋਗੁਣ ਦੀ। ਜੇ ਸਤੋਗੁਣ ਦੀ ਪ੍ਰਧਾਨਤਾ ਹੋਵੇ, ਤਾਂ ਉਸ ਕਿਰਿਆ ਜਾਂ ਵਸਤੂ ਨੂੰ ਸਾਤਵਿਕ ਆਖਿਆ ਜਾਂਦਾ ਹੈ। ਜੇ ਤਮੋਗੁਣ ਦੀ ਪ੍ਰਧਾਨਤਾ ਹੋਵੇ, ਤਾਂ ਉਸ ਕਿਰਿਆ ਜਾਂ ਵਸਤੂ ਨੂੰ ਤਾਮਸਿਕ, ਤੇ ਜੇ ਰਜੋਗੁਣ ਦੀ ਪ੍ਰਧਾਨਤਾ ਹੋਵੇ, ਤਾਂ ਉਸ ਨੂੰ ਰਾਜਸੀ ਆਖਿਆ ਜਾਂਦਾ ਹੈ।

ਇਨ੍ਹਾਂ ਤਿੰਨਾਂ ਗੁਣਾਂ ਦੀ ਮਾਤਰਾ ਦੇ ਆਧਾਰ 'ਤੇ ਪ੍ਰਵ੍ਰਿਤੀ ਵੀ ਤਾਮਸਿਕ, ਸਾਤਵਿਕ, ਜਾਂ ਰਾਜਸੀ ਹੁੰਦੀ ਹੈ । ਤਾਮਸਿਕ ਪ੍ਰਵ੍ਰਿਤੀ ਵਿੱਚ ਲੱਗਣ ਨਾਲੋਂ ਸਾਤਵਿਕ ਪ੍ਰਵ੍ਰਿਤੀ ਵਿੱਚ ਲੱਗਣਾ ਹੀ ਉੱਤਮ ਹੈ। ਪਾਪ ਕਰਮ ਨਾਲੋਂ ਪੁੰਨ ਕਰਮ ਵਿੱਚ ਪ੍ਰਵਿਰਤ ਹੋਣਾ ਹੀ ਚੰਗਾ ਹੈ। ਗਿਆਨ ਪ੍ਰਾਪਤੀ ਲਈ ਕੀਤਾ ਜਾ ਰਿਹਾ ਕਰਮ ਪੁੰਨ ਕਰਮ ਹੈ। ਚੰਗੇਰੇ ਜੀਵਨ ਦੀ ਦਿਸ਼ਾ ਵਿੱਚ ਪੁੰਨ ਕਰਮਾਂ ਵਿੱਚ ਪ੍ਰਵਿਰਤੀ ਹੋਣਾ ਪਹਿਲਾ ਕਦਮ ਹੈ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
(੭੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਪੋ ਆਪਣੇ ਸੁਭਾਅ ਅਨੁਸਾਰ ਜੀਵ ਤਾਮਸਿਕ, ਸਾਤਵਿਕ ਜਾਂ ਰਾਜਸੀ ਕਿਰਿਆ ਵਿੱਚ ਪ੍ਰਵ੍ਰਿਤ ਹੁੰਦਾ ਹੈ । ਜਦੋਂ ਉਹ ਗਿਆਨ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ ਹੈ, ਤਾਂ ਆਪਣੇ ਪਰਿਵਾਰ ਦੇ ਮਾਹੌਲ ਅਨੁਸਾਰ ਜਾਂ ਕਦੇ ਮਗਰੋਂ ਹਾਲਾਤ ਅਨੁਸਾਰ ਹੀ ਉਹ ਕਿਸੇ ਸੰਪਰਦਾਇ ਜਾਂ ਪੰਥ ਨੂੰ ਧਾਰਣ ਕਰ ਲੈਂਦਾ ਹੈ। ਤ੍ਰਿਗੁਣ ਦੇ ਆਧਾਰ ਉੱਤੇ ਇਹ ਸੰਪਰਦਾਇ ਜਾਂ ਪੰਥ ਆਦਿ ਵੀ ਸਾਤਵਿਕ, ਰਾਜਸੀ ਜਾਂ ਤਾਮਸਿਕ ਹੁੰਦੇ ਹਨ। ਇਨ੍ਹਾਂ ਸੰਪਰਦਾਵਾਂ ਜਾਂ ਪੰਥਾਂ ਦੀਆਂ ਕਿਰਿਆਵਾਂ (ਕਰਮਕਾਂਡ/ਸ਼ਰੀਆ/ਰਹਤ ਮਰਯਾਦਾ ਆਦਿ) ਵੀ ਸਤੋਗੁਣ ਪ੍ਰਧਾਨ, ਰਜੋ ਗੁਣ ਪ੍ਰਧਾਨ, ਤਮੋਗੁਣ ਪ੍ਰਧਾਨ ਜਾਂ ਰਲੀਆਂ-ਮਿਲੀਆਂ ਹੁੰਦੀਆਂ ਹਨ। ਪ੍ਰਵ੍ਰਿਤੀ ਇੱਕ ਯਾਤਰਾ ਹੈ। ਜੇ ਇਹ ਸਤੋਗੁਣ ਵੱਲ ਹੋ ਰਹੀ ਹੈ, ਤਾਂ ਇਹ ਜੀਵ ਨੂੰ ਉੱਨਤੀ ਵੱਲ ਲੈ ਜਾ ਰਹੀ ਹੈ। ਜੇ ਪ੍ਰਵ੍ਰਿਤੀ ਦੀ ਇਹ ਯਾਤਰਾ ਤਮੋਗੁਣ ਵਲ ਹੋ ਰਹੀ ਹੈ, ਤਾਂ ਇਹ ਜੀਵ ਨੂੰ ਗਿਰਾਵਟ ਵੱਲ ਲੈ ਜਾ ਰਹੀ ਹੈ।

ਜੇ ਕੋਈ ਸਾਧਕ ਕਿਸੀ ਤਾਮਸਿਕ ਪ੍ਰਵ੍ਰਿਤੀ ਵਿੱਚ ਲੱਗਾ ਹੋਇਆ ਹੈ, ਤਾਂ ਕਿਸੇ ਸਮੇਂ ਉਹ ਸਾਤਵਿਕ ਪ੍ਰਵ੍ਰਿਤੀ ਵੱਲ ਆ ਸਕਦਾ ਹੈ। ਇਹ ਸਾਧਨਾ ਦੇ ਖੇਤਰ ਵਿੱਚ ਉਸ ਦੀ ਉੱਨਤੀ ਹੈ। ਇਸੇ ਤਰ੍ਹਾਂ, ਕੋਈ ਸਾਧਕ ਸਾਤਵਿਕ ਪ੍ਰਵ੍ਰਿਤੀ ਵਿੱਚ ਲੱਗਣ ਤੋਂ ਬਾਅਦ ਵੀ ਅਤਿ ਤਾਮਸਿਕ ਕਰਮਾਂ ਵਿੱਚ ਲੱਗ ਸਕਦਾ ਹੈ। ਇਹ ਉਸ ਦੀ ਆਧਿਆਤਮਿਕ ਗਿਰਾਵਟ ਹੈ। ਅਜਾਮਿਲ ਦਾ ਜ਼ਿਕਰ ਧਰਮ-ਪੁਸਤਕਾਂ ਵਿੱਚ ਬਹੁਤ ਵਾਰ ਆਇਆ ਹੈ, ਜੋ ਕਿਸੇ ਸਮੇਂ ਸਾਤਵਿਕ ਕਰਮਾਂ ਵਿੱਚ ਲੱਗਾ ਰਹਿਣ ਵਾਲਾ ਬ੍ਰਾਹਮਣ ਸੀ, ਪਰ ਮਗਰੋਂ ਇੱਕ ਵੇਸਵਾ ਦੇ ਪਿੱਛੇ ਲੱਗ ਕੇ ਤਾਮਸਿਕ ਕਰਮਾਂ ਵਿੱਚ ਰੁੱਝ ਗਿਆ। ਆਪਣੀ ਉਮਰ ਦੇ ਅੰਤਲੇ ਦਿਨਾਂ ਵਿੱਚ ਪਹਿਲਾਂ ਕੀਤੇ ਸਾਤਵਿਕ ਕਰਮਾਂ ਦੇ ਸੰਸਕਾਰਾਂ ਸਦਕਾ ਫਿਰ ਤੋਂ ਧਰਮ ਦੇ ਰਾਸਤੇ ਉੱਤੇ ਆ ਕੇ ਉਸ ਨੇ ਮੁਕਤੀ ਪ੍ਰਾਪਤ ਕੀਤੀ।

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥੨॥
(ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ, ੯੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਤੇ,

ਅਜਾਮਿਲ ਵਰਗੇ ਪਾਪੀ ਨੇ ਮੌਤ ਦੇ ਸਮੇਂ ਪੁੱਤਰ ਦੇ ਬਹਾਨੇ ਭਗਵਾਨ ਦੇ ਨਾਮ ਦਾ ਉੱਚਾਰਣ ਕੀਤਾ। ਉਸਨੂੰ ਵੀ ਵੈਕੁੰਠ ਦੀ ਪ੍ਰਾਪਤੀ ਹੋ ਗਈ। ਫਿਰ ਜੋ ਲੋਕ ਸ਼ਰਧਾ ਨਾਲ ਭਗਵਾਨ ਦਾ ਨਾਮ ਉੱਚਾਰਣ ਕਰਦੇ ਹਨ, ਉਨ੍ਹਾਂ ਦੀ ਤਾਂ ਗੱਲ ਹੀ ਕੀ ਹੈ। (੪੯, ਅਧਿਆਇ ੨, ਛੇਵਾਂ ਸਕੰਧ, ਭਾਗਵਤਪੁਰਾਣ)।

ਇਹ ਆਮ ਵੇਖਣ ਵਿੱਚ ਆਉਂਦਾ ਹੈ ਕਿ ਗਿਆਨ ਪ੍ਰਾਪਤੀ ਲਈ ਜਿਗਿਆਸੂ ਕਿਸੇ ਨਾ ਕਿਸੇ ਪੰਥ ਨੂੰ ਧਾਰਣ ਕਰਦਾ ਹੀ ਹੈ। ਪੰਥ ਨੂੰ ਧਾਰਣ ਕਰਨ ਦਾ ਉਦੇਸ਼ ਹੀ ਇਹ ਹੈ ਕਿ ਉਸ ਨੂੰ ਗਿਆਨ ਪ੍ਰਾਪਤ ਹੋ ਸਕੇ। ਇਹ ਵੱਖ-ਵੱਖ ਪੰਥ ਆਪਣੇ ਮੰਨਣ ਵਾਲਿਆਂ ਨੂੰ ਵੱਖ-ਵੱਖ ਪ੍ਰਵ੍ਰਿਤੀ ਕਰਮ ਦੱਸਦੇ ਹਨ, ਜਿਨ੍ਹਾਂ ਉੱਤੇ ਚੱਲ ਕੇ ਗਿਆਨ ਦੀ ਪ੍ਰਾਪਤੀ ਹੋਈ ਮੰਨੀ ਜਾਂਦੀ ਹੈ।

ਚਾਹੇ ਪੰਥ ਜਾਂ ਸੰਪਰਦਾਇ ਗਿਆਨ-ਪ੍ਰਾਪਤੀ ਲਈ ਹੀ ਧਾਰਣ ਕੀਤਾ ਜਾਂਦਾ ਹੈ, ਪਰ ਸੱਚੇ ਗਿਆਨ ਦੀ ਪ੍ਰਾਪਤੀ ਹੋਣ ਤੋਂ ਬਾਅਦ ਜਿਗਿਆਸੂ ਕਿਸੇ ਪੰਥ ਵਿਸ਼ੇਸ਼ ਜਾਂ ਸੰਪਰਦਾਇ ਵਿਸ਼ੇਸ਼ ਤੱਕ ਹੀ ਸੀਮਿਤ ਨਹੀਂ ਰਹਿੰਦਾ, ਬਲਕਿ ਉਹ ਆਪਣਾ ਸੰਬੰਧ ਧਰਮ ਨਾਲ ਜੋੜ ਲੈਂਦਾ ਹੈ। ਇੱਥੇ ਧਰਮ ਤੋਂ ਭਾਵ ਆਤਮਿਕ ਵਿਦਿਆ (Spirituality) ਤੋਂ ਹੈ।

ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ (੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਂਪਰਦਾਇਕ ਚਿੰਨ੍ਹ ਹੁਣ ਉਸ ਲਈ ਕੋਈ ਮਹੱਤਤਾ ਨਹੀਂ ਰੱਖਦੇ।[1]

---

[1] "*But how interesting is the psychology of practical religion and how indispensable is symbolism for an organised faith, that the same external formalism which the Guru had condemned in the case of others, entered into his own system as soon as attempt to organise it was made by the last Guru. At this stage a modified Mimansa crept in. But this influence is not traceable in the hymns of the Granth. Their ideal is kept as lofty as it was conceived in the beginning.*" - (Page 82, Philosophy of Sikhism, Writer: Prof. Sher Singh, Publisher: Shiromani Gurdwara Parbandhak Committee, Sri Amritsar).

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥ (ਕਬੀਰ ਜੀ, ੧੧੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਤੇ,

ਗ਼ਯਾਨ ਨਿਸ਼੍ਠੋ ਵਿਰਕ੍ਤੋ ਵਾ ਮਦ੍ਭਕ੍ਤੋ ਵਾਨਪੇਕ੍ਸ਼ਕ:।
ਸਲਿੰਗਾ ਨਾਸ਼੍ਰਮਾਂ ਸ੍ਤ੍ਯਕਤ੍ਵਾ ਚਰੇਦ ਵਿਧਿ ਗੋਚਰ: ॥

ਗਿਆਨਨਿਸ਼ਠ, ਵਿਰਕਤ, ਮੁਕਤੀ ਦੀ ਇੱਛਾ ਕਰਨ ਵਾਲਾ ਤੇ ਮੁਕਤੀ ਦੀ ਵੀ ਅਪੇਕਸ਼ਾ ਨਾ ਰੱਖਣ ਵਾਲਾ ਮੇਰਾ ਭਗਤ ਆਸ਼ਰਮਾਂ ਦੀ ਮਰਿਆਦਾ ਵਿੱਚ ਬੰਨ੍ਹਿਆ ਹੋਇਆ ਨਹੀਂ ਹੈ । ਉਹ ਚਾਹੇ ਤਾਂ ਆਸ਼ਰਮਾਂ ਤੇ ਉਨ੍ਹਾਂ ਦੇ ਚਿੰਨ੍ਹਾਂ ਨੂੰ ਛੱਡ ਕੇ ਵੇਦ-ਸ਼ਾਸ਼ਤਰਾਂ ਦੇ ਵਿਧੀ-ਨਿਸ਼ੇਧ ਤੋਂ ਪਰ੍ਹਾਂ ਹੋ ਕੇ ਸਵੱਛੰਦ ਵਿਚਰੇ । (੨੮, ਅਧਿਆਏ ੧੮, ਗਿਆਰ੍ਹਵਾਂ ਸਕੰਧ, ਭਾਗਵਤਪੁਰਾਣ)।

ਸੰਪਰਦਾਇ ਦੇ ਕਰਮਕਾਂਡੀ ਆਗੂ ਹੁਣ ਉਸ ਲਈ ਆਦਰਸ਼ ਨਹੀਂ ਰਹਿੰਦੇ ।

ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥
(ਕਬੀਰ ਜੀ, ੧੧੫੮-੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਿਤਾਬੀ-ਗਿਆਨ (ਅਪਰਾ ਵਿਦਿਆ)[2] ਵਾਲੇ ਸਾਂਪਰਦਾਇਕ ਚੌਧਰੀਆਂ ਦੇ ਆਖੇ ਜਾਂ ਲਿਖੇ ਹੋਏ ਪ੍ਰਤੀ ਉਸ ਦੀ ਕੋਈ ਸ਼ਰਧਾ ਨਹੀਂ ਰਹਿੰਦੀ ਤੇ ਉਨ੍ਹਾਂ ਦੀਆਂ ਕਾਲਪਨਿਕ ਗੱਲਾਂ ਦਾ ਉਹ ਤਿਆਗ ਕਰ ਦਿੰਦਾ ਹੈ ।

ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
(ਕਬੀਰ ਜੀ, ੧੧੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜੋ ਪੁਰਖ ਵੇਦਾਂ ਦਾ ਤਾਂ ਪਾਰਗਾਮੀ ਵਿਦਵਾਨ ਹੋਵੇ, ਪਰ ਪਰਬ੍ਰਹਮ ਦੇ ਗਿਆਨ ਤੋਂ ਹੀਣਾ ਹੋਵੇ, ਉਸ ਦੀ ਮਿਹਨਤ ਦਾ ਕੋਈ ਫਲ ਨਹੀਂ ਹੈ । ਉਹ ਤਾਂ ਉਵੇਂ ਹੀ ਹੈ, ਜਿਵੇਂ ਦੁੱਧ ਨਾ ਦੇਣ ਵਾਲੀ ਗਾਂ ਪਾਲਣ ਵਾਲਾ । (੧੮, ਅਧਿਆਏ ੧੧, ਗਿਆਰ੍ਹਵਾਂ ਸਕੰਧ, ਭਾਗਵਤਪੁਰਾਣ)।

ਜਿਸ ਸ਼ਬਦ-ਪ੍ਰਮਾਣ[3] ਨੂੰ ਮੰਨ ਕੇ ਉਸ ਨੇ ਜਿਹੜੀ ਸਾਧਨਾ ਸ਼ੁਰੂ ਕੀਤੀ ਸੀ, ਉਸ ਸ਼ਬਦ-ਪ੍ਰਮਾਣ ਨੂੰ ਉਸ ਨੇ ਜਦੋਂ ਪ੍ਰਤੱਖ ਕਰ ਲਿਆ, ਤਾਂ ਉਸ ਨੂੰ ਹੁਣ ਮਹਿਜ਼ ਕਿਤਾਬੀ ਗਿਆਨ ਵਾਲੇ ਸਾਂਪਰਦਾਇਕ ਪ੍ਰਚਾਰਕਾਂ ਦੀ ਕੋਈ ਲੋੜ ਹੀ ਨਹੀਂ ਰਹਿੰਦੀ ।

"ਪੰਡਿਤ ਛੱਡੇ, ਮੁੱਲਾਂ ਛੱਡੇ, ਛੱਡੇ ਜੱਥੇਦਾਰ ਗਿਆਨੀ ।
ਮਾਈ ਛੱਡੀ, ਸਖੀਆਂ ਛੱਡੀਆਂ, ਇੱਕ ਨਾ ਛੱਡਿਆ ਦਿਲ ਦਾ ਜਾਨੀ ।"
- (ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')।

ਪ੍ਰਵ੍ਰਿਤੀ ਕਿ ਨਿਵ੍ਰਿਤੀ?

ਪ੍ਰਵਿਰਤੀ ਦਾ ਅਰਥ ਹੈ 'ਕਿਸੇ ਕਰਮ ਵਿੱਚ ਲੱਗਣਾ'। ਕਿਸੇ ਕਰਮ ਵਿੱਚ ਲੱਗ ਕੇ ਉਸ ਕਰਮ ਦਾ ਫੱਲ ਵੀ ਭੋਗਣਾ ਪੈਂਦਾ ਹੈ । ਕਰਮਾਂ ਤੇ ਉਨ੍ਹਾਂ ਦੇ ਫਲਾਂ ਦਾ ਇਹ ਸਿਲਸਿਲਾ ਬਹੁਤ ਲੰਬੇ ਸਮੇਂ ਤੋਂ ਚਲਦਾ ਆ ਰਿਹਾ ਹੈ । ਜੇ ਕਰਮ ਮਾੜੇ ਹਨ, ਤਾਂ ਮਾੜੇ ਫਲ ਭੋਗਣੇ ਪੈਂਦੇ ਹਨ । ਜੇ ਕਰਮ ਚੰਗੇ ਹਨ, ਤਾਂ ਚੰਗੇ ਫਲ ਭੋਗਣੇ ਪੈਂਦੇ ਹਨ । ਕਿਸੇ ਫਲ ਨੂੰ ਭੋਗਣ ਦੌਰਾਨ ਵੀ ਕੋਈ ਨਾ ਕੋਈ ਕਰਮ ਕੀਤਾ ਹੀ ਜਾਂਦਾ ਹੈ । ਫਲ ਭੋਗਣ ਦੌਰਾਨ ਕੀਤੇ ਗਏ ਕਰਮ ਨੇ ਵੀ ਫਲ ਤਾਂ ਦੇਣਾ ਹੀ ਹੈ ਤੇ ਫਿਰ ਉਸ ਫਲ ਨੂੰ ਭੋਗਣਾ ਵੀ ਪੈਣਾ ਹੀ ਹੈ । ਇਸ ਤਰ੍ਹਾਂ ਇਹ ਕਰਮ ਤੇ ਕਰਮ-ਫਲ ਦੀ ਲੜੀ ਮੁੱਕਣ ਵਿੱਚ ਹੀ ਨਹੀਂ ਆਉਂਦੀ । ਕੀ ਇਸ ਪ੍ਰਕਾਰ ਕਰਮਾਂ ਵਿੱਚ ਲੱਗਣ ਦੀ ਇਹ ਕਿਰਿਆ (ਪ੍ਰਵਿਰਤੀ ਮਾਰਗ) ਬੰਧਨ ਦਾ ਹੀ ਕਾਰਣ ਨਹੀਂ ਹੈ ?

[2] ਅਪਰਾ ਵਿਦਿਆ ਬਾਰੇ ਵੀਚਾਰ ਅੱਗੇ ਕੀਤੀ ਜਾਏਗੀ ।

[3] ਪ੍ਰਮਾਣਾਂ ਬਾਰੇ ਵੀਚਾਰ ਅਗਲੇ ਅਧਿਆਇ ਵਿੱਚ ਕੀਤੀ ਜਾਏਗੀ ।

ਕਰਮ ਵਿੱਚ ਪ੍ਰਵਿਰਤ ਹੋਣ ਦਾ ਮੁੱਖ ਉਦੇਸ਼ ਗਿਆਨ ਦੀ ਪ੍ਰਾਪਤੀ ਹੈ। ਗਿਆਨ ਪ੍ਰਾਪਤੀ ਲਈ ਕਰਮ ਦੀ ਜ਼ਰੂਰਤ ਹੈ। ਜਿਵੇਂ ਕਿਸੇ ਦਰਖ਼ਤ ਨੂੰ ਫੁੱਲ ਲੱਗਣ ਦਾ ਉਦੇਸ਼ ਉਨ੍ਹਾਂ ਦਾ ਫੱਲ ਬਣਨਾ ਹੈ। ਫੱਲ ਬਣਨ ਨਾਲ ਫੁੱਲ ਖ਼ਤਮ ਹੋ ਜਾਂਦੇ ਹਨ। ਇਸੇ ਪ੍ਰਕਾਰ ਕਰਮ-ਅਭਿਆਸ ਦਾ ਉਦੇਸ਼ ਗਿਆਨ-ਪ੍ਰਾਪਤੀ ਹੈ। ਗਿਆਨ-ਪ੍ਰਾਪਤੀ ਹੋਣ ਨਾਲ ਕਰਮਾਂ ਦਾ ਖ਼ਾਤਮਾ ਹੋ ਜਾਂਦਾ ਹੈ।

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥
(੧੧੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗਿਆਨ-ਪ੍ਰਾਪਤੀ ਹੋਣ ਤੋਂ ਬਾਅਦ ਜੀਵ ਨਿਵਿਰਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਗਿਆਨ ਇੱਕ ਨਗਰ ਹੈ, ਜੋ ਅਚਲ ਹੈ, ਸਥਿਰ ਹੈ। ਉਸ ਨਗਰ ਤੱਕ ਪਹੁੰਚਣ ਦੀ ਯਾਤਰਾ ਪ੍ਰਵਿਰਤੀ ਕਰਮ ਹੈ। ਗਿਆਨ ਦੇ ਨਗਰ ਵਿੱਚ ਵਿੱਚ ਪਹੁੰਚ ਕੇ ਯਾਤਰਾ ਖ਼ਤਮ ਹੋ ਜਾਂਦੀ ਹੈ। ਹੁਣ ਯਾਤਰੀ ਨੂੰ ਹੋਰ ਯਾਤਰਾ (ਪ੍ਰਵਿਰਤੀ) ਦੀ ਜ਼ਰੂਰਤ ਨਹੀਂ। ਹੁਣ ਉਹ ਯਾਤਰਾ ਰੂਪੀ ਕਰਮ ਤੋਂ ਨਿਵਿਰਤ ਹੋ ਗਿਆ ਹੈ।

ਕੀ ਗਿਆਨੀ ਕਰਮਾਂ ਤੋਂ ਸੰਪੂਰਣ ਨਿਵਿਰਤ ਹੋ ਜਾਂਦਾ ਹੈ?

ਜਦ ਤਕ ਤ੍ਰਿਗੁਣਾਤਮਕ ਸ਼ਰੀਰ ਕਾਇਮ ਹੈ, ਉਹ ਕਿਸੇ ਨਾ ਕਿਸੇ ਰੂਪ ਵਿੱਚ ਕਰਮ ਤਾਂ ਕਰਦਾ ਹੀ ਰਹਿੰਦਾ ਹੈ। ਕਰਮ ਤੋਂ ਬਿਨ੍ਹਾਂ ਸਰੀਰ ਨਹੀਂ ਰਹਿ ਸਕਦਾ। ਮੁਕਤ ਆਤਮਾ ਜੀਵ ਕਰਮਫਲ ਤੋਂ ਨਿਰਲੇਪ ਹੁੰਦਾ ਹੈ।

सर्वारम्भेषु निष्कामो यश्चरे द्वालवन्मुनिः।
नलेपस्तस्य शुद्धस्य क्रियमाणे अपि कर्मणिः॥
(६४, अध्याय १८, शम प्रकरण, अष्टावक्र गीता)।

ਜੋ ਗਿਆਨੀ ਮੁਨੀ ਬੱਚੇ ਵਾਂਗ ਨਿਸ਼ਕਾਮ ਭਾਵ ਨਾਲ ਕੰਮ ਸ਼ੁਰੂ ਕਰਦਾ ਹੈ, ਅਜਿਹਾ ਸ਼ੁਧਸਰੂਪ (ਗਿਆਨੀ) ਕਰਮਾਂ ਵਿੱਚ ਲਿਪਤ ਨਹੀਂ ਹੁੰਦਾ।

ਆਰੰਭ ਵਿੱਚ ਸਾਧਕ ਦੀ ਪ੍ਰਵ੍ਰਿਤੀ ਗਿਆਨ ਦੀ ਪ੍ਰਾਪਤੀ ਲਈ ਸੀ। ਗਿਆਨ ਪ੍ਰਾਪਤ ਹੋਣ ਤੋਂ ਬਾਅਦ ਹੁਣ ਆਪਣੀ ਮੁਕਤੀ ਦੇ ਕਰਮ ਤੋਂ ਉਹ ਨਿਵ੍ਰਿਤ ਹੋ ਗਿਆ ਹੈ। ਹੁਣ ਉਸ ਦਾ ਕਰਮ ਆਪਣੀ ਇੱਛਾ ਪੂਰਤੀ ਲਈ ਨਹੀਂ, ਪਰਉਪਕਾਰ ਵਾਸਤੇ ਹੈ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
(੭੪੯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਉਸ ਵੱਲੋਂ ਕੀਤਾ ਜਾ ਰਿਹਾ ਕਰਮ ਕਿਸੇ ਇੱਛਾ ਅਧੀਨ ਹੋ ਕੇ ਨਹੀਂ ਕੀਤਾ ਜਾ ਰਿਹਾ, ਇਸਲਈ ਅਜਿਹੇ ਕਰਮ ਦਾ ਫਲ ਉਹ ਪ੍ਰਾਪਤ ਨਹੀਂ ਕਰਦਾ। ਉਹ ਕਰਮ ਕਰਦਾ ਹੋਇਆ ਵੀ ਕਰਮ ਨਹੀਂ ਕਰ ਰਿਹਾ ਹੁੰਦਾ।

भावाभावविहीनो यस्तृप्तो निर्वासनो बुधः।
नैव किंचित्कृतम तेन लोकदृष्टया विकुर्वता॥
(१९, अध्याय १८, शम प्रकरण, अष्टावक्र गीता)।

ਭਾਵ-ਅਭਾਵ ਤੋਂ ਵਿਹੀਨ, ਜੋ ਗਿਆਨੀ ਤ੍ਰਿਪਤ ਹੈ, ਨਿਰਵਾਸਨਾ ਹੈ। ਲੋਕਾਂ ਦੀ ਨਜ਼ਰ ਵਿੱਚ ਕਰਮ ਕਰਦੇ ਹੋਏ ਵੀ ਉਹ ਕੁੱਝ ਨਹੀਂ ਕਰਦਾ।

ਜਿਵੇਂ, ਕੋਈ ਵਿਅਕਤੀ ਬਾਈ-ਸਾਈਕਿਲ ਚਲਾਉਂਦਾ ਹੋਇਆ, ਸਾਈਕਿਲ ਦੇ ਪੈਡਲ ਮਾਰਦਾ ਰਹਿੰਦਾ ਹੈ। ਜਦੋਂ ਉਹ ਪੈਡਲ ਚਲਾਉਣੇ ਬੰਦ ਕਰ ਦਿੰਦਾ ਹੈ, ਤਾਂ ਸਾਈਕਿਲ ਇੱਕਦਮ ਉਸੇ ਵੇਲੇ, ਉਸੇ ਹੀ ਥਾਂ ਉੱਤੇ ਨਹੀਂ ਰੁੱਕ ਜਾਂਦੀ। ਪੈਡਲ ਮਾਰਨੇ ਬੰਦ ਕਰਨ ਤੋਂ ਬਾਅਦ ਵੀ ਸਾਈਕਿਲ ਕੁੱਝ ਦੂਰੀ ਤੈਅ ਕਰਦੀ ਹੈ। ਪੈਡਲ ਮਾਰਨੇ ਬੰਦ ਕਰਨ ਤੋਂ ਬਾਅਦ ਵੀ ਸਾਈਕਿਲ ਵੱਲੋਂ ਕੀਤਾ ਜਾ ਰਿਹਾ ਯਾਤਰਾ ਰੂਪੀ ਉਹ ਕਰਮ ਸਾਈਕਿਲ-ਸਵਾਰ ਦਾ ਪ੍ਰਾਰਬਧ ਕਿਹਾ ਜਾਂਦਾ ਹੈ। ਪ੍ਰਾਰਬਧ ਭੋਗਣ ਤੋਂ ਬਾਅਦ ਸਾਈਕਿਲ ਰੁੱਕ ਜਾਏਗੀ ਤੇ ਸਾਈਕਿਲ ਸਵਾਰ ਦੀ ਯਾਤਰਾ ਮੁੱਕ ਜਾਏਗੀ।

ਇਸੇ ਤਰ੍ਹਾਂ, ਤੱਤਵ ਗਿਆਨ ਪ੍ਰਾਪਤ ਹੋਣ ਤੋਂ ਬਾਅਦ ਗਿਆਨੀ ਜੀਵ ਸਿਰਫ਼ ਪ੍ਰਾਰਬਧ ਹੀ ਭੋਗ ਰਿਹਾ ਹੁੰਦਾ ਹੈ, ਵਾਸਤਵ ਵਿੱਚ ਉਹ ਨਿਵ੍ਰਿਤ ਹੋ ਚੁੱਕਾ ਹੈ। ਪ੍ਰਾਰਬਧ ਭੋਗਣ ਤੱਕ ਉਸ ਦਾ ਸ਼ਰੀਰ ਕਾਇਮ ਰਹੇਗਾ। ਉਸ ਦੇ ਸੰਚਿਤ ਕਰਮ ਤੇ ਨਵੀਨ ਕ੍ਰਿਯਮਾਣ ਕਰਮ ਗਿਆਨ ਦੇ ਪ੍ਰਭਾਵ ਨਾਲ ਨਸ਼ਟ ਹੋ ਜਾਂਦੇ ਹਨ।

ਸ਼ਰੀਰ ਦੀ ਸੁਭਾਵਿਕ ਪ੍ਰਵ੍ਰਿਤੀ ਨੂੰ ਰੋਕਿਆ ਨਹੀਂ ਜਾ ਸਕਦਾ। ਕੋਈ ਸਮਾਧੀ ਦੀ ਅਵਸਥਾ ਵਿੱਚ ਬੈਠਿਆ ਵੀ ਹੋਵੇ, ਤਾਂ ਕਿਸੇ ਸਮੇਂ ਭੁੱਖ ਜਾਂ ਪਿਆਸ ਨਾਲ ਵਿਆਕੁਲ ਹੋ ਕੇ ਸ਼ਰੀਰ ਭੋਜਨ ਜਾਂ ਪਾਣੀ ਦੀ ਮੰਗ ਕਰੇਗਾ। ਇਹ ਸ਼ਰੀਰ ਦੀ ਸੁਭਾਵਿਕ ਪ੍ਰਕ੍ਰਿਤੀ ਹੈ। ਸ਼ਰੀਰ ਦੀ ਇਸ ਮੰਗ ਨੂੰ ਪੂਰਾ ਕਰਨਾ ਪ੍ਰਵ੍ਰਿਤੀ ਹੈ, ਕਿਰਿਆ ਹੈ, ਕਰਮ ਹੈ। ਇਹ ਪ੍ਰਵ੍ਰਿਤੀ ਗਿਆਨ ਜਾਂ ਮੁਕਤੀ ਦੀ ਪ੍ਰਾਪਤੀ ਵਿੱਚ ਕਿਸੇ ਤਰ੍ਹਾਂ ਵੀ ਰੁਕਾਵਟ ਨਹੀਂ ਬਣਦੀ। ਸ਼ਰੀਰ ਦੀ ਇਹ ਸੁਭਾਵਿਕ ਪ੍ਰਵ੍ਰਿਤੀ ਅਵਿਦਿਆ, ਅਸਮਿਤਾ, ਰਾਗ, ਦਵੇਸ਼ ਜਾਂ ਅਭਿਨਿਵੇਸ਼ [4] ਤੋਂ ਪ੍ਰਭਾਵਿਤ ਨਾ ਹੋਣ ਕਾਰਣ ਗਿਆਨ ਜਾਂ ਮੁਕਤੀ ਦੀ ਪ੍ਰਾਪਤੀ ਵਿੱਚ ਕੋਈ ਰੁਕਾਵਟ ਨਹੀਂ ਹੈ।

> प्रवृत्तो वा निवृत्तो व नैव धीरस्य दुर्ग्रहः।
> यदा यत्कर्तुमायाती तत्कृत्वा तिष्ठतः सुखम॥ (२०, अध्याय १८, शम प्रकरण, अष्टावक्र गीता)।
>
> ਧੀਰ ਦੇ ਸਾਹਮਣੇ ਜਦੋਂ ਜਿਹੋ ਜਿਹਾ ਕੰਮ ਆ ਜਾਏ, ਉਸ ਨੂੰ ਕਰ ਕੇ ਸੁੱਖ ਵਿੱਚ ਸਥਿਰ ਹੁੰਦਾ ਹੈ। ਉਸ ਧੀਰ ਨੂੰ ਪ੍ਰਵ੍ਰਿਤੀ ਤੇ ਨਿਵ੍ਰਿਤੀ ਦਾ ਦੁਰਾਗ੍ਰਹਿ ਨਹੀਂ ਹੁੰਦਾ।

ਜੀਵ ਦੇ ਬੰਧਨ ਦਾ ਕਾਰਣ ਮਿਥਿਆ-ਗਿਆਨ (ਅਵਿਦਿਆ, ਅਸਮਿਤਾ, ਰਾਗ, ਦਵੇਸ਼, ਤੇ ਅਭਿਨਿਵੇਸ਼) ਹੈ। ਜਦੋਂ ਗਿਆਨ ਪ੍ਰਗਟ ਹੁੰਦਾ ਹੈ, ਉਦੋਂ ਅਗਿਆਨ ਦਾ ਖ਼ਾਤਮਾ ਹੋ ਜਾਂਦਾ ਹੈ। ਇਹ ਗਿਆਨ ਪ੍ਰਗਟ ਹੋਣਾ ਹੀ ਮੁਕਤੀ ਹੈ। ਹਰ ਪ੍ਰਵ੍ਰਿਤੀ ਜਾਂ ਕਰਮ ਦਾ ਅੰਤਿਮ ਉਦੇਸ਼ ਗਿਆਨ ਹੀ ਹੋਣਾ ਚਾਹੀਦਾ ਹੈ।

--0--

---

[4] ਅਵਿਦਿਆ, ਅਸਮਿਤਾ, ਰਾਗ, ਦਵੇਸ਼, ਤੇ ਅਭਿਨਿਵੇਸ਼ ਦੀ ਚਰਚਾ ਇਸ ਪੁਸਤਕ ਵਿੱਚ ਅੱਗੇ ਕੀਤੀ ਜਾਏਗੀ।